ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
(ਸਿਹਤ-3 ਸ਼ਾਖਾ)

ਅਧਿਸੂਚਨਾਂ

ਨੰਬਰ 2/14/2014-3ਸਸ3/ 2758 ਮਿਤੀ,ਚੰਡੀਗੜ੍ਹ: 09.05.2014

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਐਮ.ਬੀ.ਬੀ.ਐਸ.ਕੋਰਸ ਦੇ 100 ਵਿਦਿਆਰਥੀ ਦੀ ਰੂਰਲ ਟਰੇਨਿੰਗ ਲਈ ਮੁੱਢਲਾ ਸਿਹਤ ਕੇਂਦਰ ਜੰਡਸਾਹਿਬ(ਫਰੀਦਕੋਟ) ਨੂੰ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਅਧੀਨ ਅਟੈਚ ਕਰਨ ਦੀ ਆਗਿਆ ਦਿੰਦੇ ਹਨ:-

ੳ) ਅਟੈਚ ਹੋਣ ਦੀ ਮਿਤੀ ਤੋ ਇਹ ਮੁੱਢਲਾ ਸਿਹਤ ਕੇਂਦਰ ਚਲਾਉਣ ਹਿੱਤ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਿਜ, ਫਰੀਦਕੋਟ ਦੇ ਅਧੀਨ ਹੋ ਜਾਵੇਗਾ।

ਅ) ਇਸ ਮੁੱਢਲਾ ਸਿਹਤ ਕੇਂਦਰ ਦਾ ਖਰਚਾ ਜਿਸ ਵਿੱਚ ਤਨਖਾਹਾਂ, ਆਮ ਪ੍ਰਬੰਧ, ਰਾਸ਼ਟਰੀ ਅਤੇ ਰਾਜ ਪੱਧਰੀ ਪ੍ਰੋਗਰਾਮ ਆਦਿ ਦਾ ਖਰਚਾ ਸ਼ਾਮਲ ਹੈ, ਪੰਜਾਬ ਸਰਕਾਰ ਵਲੋਂ ਕੀਤਾ ਜਾਂਦਾ ਰਹੇਗਾ।

ੲ) ਇਸ ਮੁੱਢਲਾ ਸਿਹਤ ਕੇਂਦਰ ਵਿਖੇ ਕੰਮ ਕਰਦੇ ਡਾਕਟਰਾਂ ਅਤੇ ਹੋਰ ਸਟਾਫ ਵਿਚੋਂ ਜੇ ਕੋਈ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਡੈਪੂਟੇਸ਼ਨ ਤੇ ਜਾਣ ਦੀ ਆਪਸ਼ਨ ਦਿੰਦਾ ਹੈ ਤਾਂ ਉਸ ਨੂੰ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਿਜ, ਫਰੀਦਕੋਟ ਦੇ ਪ੍ਰਬੰਧਕੀ ਕੰਟਰੋਲਰ ਅਧੀਨ ਡੈਪੂਟੇਸ਼ਨ ਤੇ ਮੁੱਢਲਾ ਸਿਹਤ ਕੇਂਦਰ ਜੰਡਸਾਹਿਬ(ਫਰੀਦਕੋਟ) ਵਿਖੇ ਤੈਨਾਤ ਕੀਤਾ ਜਾਵੇਗਾ।

ਸ) ਜੇਕਰ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਲੋੜੀਂਦਾ ਅਮਲਾ ਡੈਪੂਟੇਸ਼ਨ ਤੇ ਨਹੀਂ ਮਿਲਦਾ ਤਾਂ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਇਸ ਕੇਂਦਰ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਲੋੜੀਂਦੇ ਡਾਕਟਰ ਅਤੇ ਹੋਰ ਅਮਲੇ ਨੂੰ ਆਪਣੇ ਪੱਧਰ ਤੇ ਨਿਯੁਕਤ ਕਰਨ ਦੀ ਖੁੱਲ ਹੋਵੇਗੀ।

ਹ) ਰੋਗੀ ਕਲਿਆਣ ਸੰਮਤੀ ਅਤੇ ਹੋਰ ਸੁਸਾਇਟੀਆਂ ਜਿਨ੍ਹਾਂ ਦਾ ਸਬੰਧ ਇਸ ਕੇਂਦਰ ਨਾਲ ਹੈ, ਉਹ ਵੀ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨਾਲ ਅਟੈਚ ਹੋ ਜਾਣਗੀਆਂ ਅਤੇ ਇਸ ਦੇ ਅਧੀਨ ਕੰਮ ਕਰਨਗੀਆਂ।

ਕ) ਇਸ ਕੇਂਦਰ ਨੂੰ ਚਲਾਉਣ/ਰੱਖ ਰਖਾਓ ਅਤੇ ਯੂਜਰ ਚਾਰਜਿਜ਼ ਆਦਿ ਲਗਾਉਣ ਬਾਰੇ ਸਾਰੇ ਫੈਸਲੇ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਆਪਣੇ ਪੱਧਰ ਤੇ ਕਰੇਗਾ। ਪਰ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਇਸ ਗੱਲ ਨੂੰ ਧਿਆਨ ਵਿੱਚ ਰੱਖੇਗੀ ਕਿ ਇਹ ਯੂਜਰ ਚਾਰਜਿਸ਼ ਰਾਜ ਸਰਕਾਰ ਦੇ ਪੈਟਰਨ ਤੇ ਹੀ ਹੋਣ।

ਖ) ਮੁੱਢਲਾ ਸਿਹਤ ਕੇਂਦਰ ਜੰਡਸਾਹਿਬ ਦੀ ਬਿਲਡਿੰਗ, ਮਸ਼ੀਨਰੀ ਅਤੇ ਹੋਰ ਸਾਜੋ ਸਮਾਨ "ਜਿਥੇ ਹੈ ਜਿਵੇਂ ਹੈ", ਦੇ ਅਧਾਰ ਤੇ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਅਟੈਚ ਸਮਝਿਆ ਜਾਵੇਗਾ। ਭਵਿੱਖ ਵਿੱਚ ਇਸ ਸਾਰੇ ਸਮਾਨ ਦੀ ਸਾਂਭ ਸੰਭਾਲ , ਰਿਪੇਅਰ, ਬਦਲਾਉਣ ਅਤੇ ਹਸਪਤਾਲ ਵਿੱਚ ਹੋਰ ਸਹੂਲਤਾਂ ਵਧਾਉਣ ਦੀ ਸਾਰੀ ਜਿੰਮੇਵਾਰੀ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੀ ਹੋਵੇਗੀ।

ਗ) ਇਸ ਕੇਂਦਰ ਵਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਤੋਂ ਇਲਾਵਾ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਇਸ ਸਿਹਤ ਕੇਂਦਰ ਨੂੰ ਉਹਨਾਂ ਸਾਰੇ ਕੰਮਾਂ ਲਈ ਵਰਤਣ ਦੀ ਖੁੱਲ ਹੋਵੇਗੀ, ਜਿਨ੍ਹਾਂ ਦਾ ਸਬੰਧ ਮੈਡੀਕਲ ਸਿੱਖਿਆ ਅਤੇ ਖੋਜ ਨਾਲ ਹੋਵੇ।

ਘ) ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਇਸ ਸਿਹਤ ਕੇਂਦਰ ਵਿਖੇ ਆਪਣੀ ਦੇਖ-ਰੇਖ ਹੇਠ ਜਾਂ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਤੋਂ ਮਾਨਤਾ ਪ੍ਰਾਪਤ ਕਾਲਜਾਂ/ਸੰਸਥਾਵਾਂ ਰਾਹੀਂ ਕਿਸੇ ਵੀ ਪੱਧਰ ਤੇ ਕੋਰਸ ਸ਼ੁਰੂ ਕਰਨ ਅਤੇ ਰਿਸਰਚ ਕਰਨ ਦੀ ਖੁੱਲ ਹੋਵੇਗੀ। ਪਰ ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਇਹ ਯਕੀਨੀ ਬਣਾਏਗੀ ਕਿ ਆਮ ਜਨਤਾ ਲਈ ਇਸ ਸਿਹਤ ਕੇਂਦਰ ਵਿੱਚ 100 ਬਿਸਤਰਿਆਂ ਦੇ ਹਸਪਤਾਲ ਦੇ ਬਰਾਬਰ ਸਿਹਤ ਸੇਵਾਵਾਂ ਹਮੇਸ਼ਾ ਉਪਲੱਬਧ ਹੋਣ।

ਮਿਤੀ, ਚੰਡੀਗੜ੍ਹ
09.05.2014

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ।

ਪਿੱ:ਅੰ:ਨੰ: 2/14/2014-3ਸਸ3/ 2759 ਮਿਤੀ, ਚੰਡੀਗੜ੍ਹ: 09.05.2014

ਉਪਰੋਕਤ ਦਾ ਇੱਕ ਉਤਾਰਾ ਸਮੇਤ ਵਾਧੂ ਕਾਪੀ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਨੋਟੀਫਿਕੇਸ਼ਨ ਦੀਆਂ 100 ਕਾਪੀਆਂ ਪੰਜਾਬ ਸਰਕਾਰ ਦੇ ਗਜ਼ਟ (ਸਧਾਰਣ) ਵਿੱਚ ਛਾਪਣ ਉਪਰੰਤ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

(ਮਨਮੋਹਨ ਸਿੰਘ)
ਅਧੀਨ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ।

ਪਿੱ:ਅੰ:ਨੰ: 2/14/2014-3ਸਸ3/ 2760-62 ਮਿਤੀ, ਚੰਡੀਗੜ੍ਹ: 09.05.2014

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
3) ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਉਹਨਾਂ ਦੇ ਪੱਤਰ ਨੰ: ਜੀਏ/2014/11925 ਮਿਤੀ 15.04.2014 ਦੇ ਹਵਾਲੇ ਵਿੱਚ।

ਅਧੀਨ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ।

ਕਾਪੀ ਟੂ:

i) ਨਿੱਜੀ ਸਕੱਤਰ/ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ, ਪੰਜਾਬ।
ii) ਨਿੱਜੀ ਸਕੱਤਰ/ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ।
iii) ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ-ਕਮ-ਸਿਹਤ ਤੇ ਪਰਿਵਾਰ ਭਲਾਈ, ਪੰਜਾਬ।
iv) ਨਿੱਜੀ ਸਹਾਇਕ/ਅਧੀਨ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ-ਕਮ-ਸਿਹਤ ਤੇ ਪਰਿਵਾਰ ਭਲਾਈ, ਪੰਜਾਬ।